ਰਿਪੋਰਟਰਾਂ ਦੀ ਜ਼ਰੂਰਤ

ਅਦਾਰਾ ਲੋਕ ਭਲਾਈ ਦਾ ਸੁਨੇਹਾ ਅਖ਼ਬਾਰ ਅਤੇ ਵੈੱਬ ਚੈਨਲ ਨੂੰ ਧਨੌਲਾ, ਭਦੌੜ ,ਭੀਖੀ,ਬੁਢਲਾਡਾ ,ਰਾਇਕੋਟ , ਕੋਟਕਪੂਰਾ,ਫਰੀਦਕੋਟ ਤੋਂ ਰਿਪੋਰਟਰਾਂ ਦੀ ਜ਼ਰੂਰਤ ਚਾਹਵਾਨ ਲੜਕੇ ਲੜਕੀਆਂ ਸੰਪਰਕ ਕਰਨ 9914246321

WWW.LBSNEWS.ORG

RNI No. PUNPUN/ 2011/ 42339

ਆਮ ਲੋਕਾਂ ਦੀ ਅਵਾਜ਼

ਲੋਕ ਭਲਾਈ ਦਾ ਸੁਨੇਹਾ

A leading punjabi news paper & web.channel

Sherpur,SANGRUR



ਮੁੱਖ ਸੰਪਾਦਕ:
ਬਲਵਿੰਦਰ ਸਿੰਘ ਧਾਲੀਵਾਲ

# ਨੁੱਕੜ ਨਾਟਕ ਰਾਹੀਂ ਕੀਤਾ ਸਾਈਬਰ ਕ੍ਰਾਈਮ ਬਾਰੇ ਜਾਗਰੂਕ:

**ਮੰਡੀ ਬਰੀਵਾਲਾ 24 ਅਕਤੂਬਰ( ਨਿੰਦਰ ਕੋਟਲੀ )**ਕੁਵਿਕ ਹੀਲ ਫਾਊਂਡੇਸ਼ਨ ਮਹਾਰਾਸ਼ਟਰ ਵੱਲੋਂ ਪੰਜਾਬ ਦੇ ਜ਼ਿਲਾ ਫਰੀਦਕੋਟ ਵਿੱਚ ਪਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਯੋਗ ਅਗਵਾਈ ਹੇਠ ਅਤੇ ਸ੍ਰੀਮਤੀ ਨੀਲਮ ਰਾਣੀ ਜ਼ਿਲਾ ਸਿੱਖਿਆ ਅਫਸਰ ਸਕੈਂਡਰੀ ਦੇ ਸਹਿਯੋਗ ਸਦਕਾ ਲੋਕਾਂ ਨੂੰ ਸਾਈਬਰ ਕ੍ਰਾਈਮ ਬਾਰੇ ਜਾਗਰੂਕ ਕਰਨ ਲਈ ਇੱਕ ਮੁਹਿੰਮ

**ਲੋਕ ਭਲਾਈ ਦਾ ਸੁਨੇਹਾ ਖਬ਼ਰ**

ਚਲਾਈ ਜਾ ਰਹੀ ਹੈ। ਜਿਸ ਵਿੱਚ ਆਧਾਰ ਵਿਕਾਸ ਸਮਾਜਿਕ ਸੰਸਥਾ ਵੱਲੋਂ ਨਿਯੁਕਤ ਕੀਤੇ ਗਏ ਪ੍ਰਸਿੱਧ ਰੰਗ ਕਰਮੀ ਅਤੇ ਫਿਲਮੀ ਅਦਾਕਾਰ ਛਿੰਦਰਪਾਲ ਸ਼ਰਮਾ ਦੀ ਨਿਰਦੇਸ਼ਨਾ ਹੇਠ ਨੁੱਕੜ ਨਾਟਕ ਪੇਸ਼ ਕੀਤੇ ਜਾ ਰਹੇ ਹਨ। ਜਿਨਾਂ ਵਿੱਚ ਲੋਕਾਂ ਨੂੰ ਸਾਈਬਰ ਕ੍ਰਾਈਮ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਕਿਵੇਂ ਤੁਰੰਤ ਲੋਣ ਦੇਣ ਵਾਲੀਆਂ ਬੈਂਕਾਂ ਲੋਕਾਂ ਨਾਲ ਧੋਖਾ ਕਰਦੀਆਂ ਹਨ ,ਸ਼ਾਦੀ ਡਾਟ ਕਾਮ ਉੱਤੇ ਗਲਤ ਆਈਡੀਆ ਬਣਾ ਕੇ ਕਿਵੇਂ ਕੁੜੀਆਂ ਮੁੰਡਿਆਂ ਨੂੰ ਬਲੈਕਮੇਲ ਕਰਦੀਆਂ




ਹਨ, ਫੇਸਬੁੱਕ, ਟਵਿਟਰ,ਤੇ ਗਲਤ ਅਕਾਊਂਟ ਬਣਾ ਕੇ ਕਿਵੇਂ ਲੋਕਾਂ ਨਾਲ ਕ੍ਰਾਈਮ ਕੀਤਾ ਜਾਂਦਾ ਹੈ। ਇਹਨਾਂ ਨਾਟਕਾਂ ਵਿੱਚ ਹੋਰ ਵੀ ਵਧੇਰੇ ਜਾਣਕਾਰੀ ਦਿੱਤੀ ਗਈ ਟੀਮ ਵੱਲੋਂ ਪਹਿਲੇ ਦਿਨ ਪਿੰਡ ਕੋਟ ਸੁਖੀਆ, ਧੂਰਕੋਟ ,ਢੁਡੀ, ਭਾਣਾ, ਬੀੜ ਸਿੱਖਾਂ ਵਾਲਾ ,ਦੇਵੀ ਵਾਲਾ ,ਫਰੀਦਕੋਟ ਸ਼ਹਿਰ ਦੇ ਤਿੰਨ ਸਥਾਨਾਂ ਤੇ ਨਾਟਕ ਪੇਸ਼ ਕੀਤੇ ਗਏ ਜਿਨਾਂ ਵਿੱਚ ਯਾਦਵਿੰਦਰ ਸਿੰਘ ਅੰਗਰੇਜ ਸਿੰਘ ਕਮਲਦੀਪ ਕੌਰ ਨਵਨੀਤ ਕੌਰ ਨੇ ਭਾਗ ਲਿਆ ।ਬੱਚਿਆਂ ਨੂੰ ਸੰਬੋਧਨ ਕਰਦਿਆਂ ਛਿੰਦਰਪਾਲ ਸ਼ਰਮਾ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਨੂੰ ਵੀ ਆਪਣਾ ਆਧਾਰ ਕਾਰਡ, ਪੈਣ ਕਾਰਡ, ਬੈਂਕ ਦੀ ਕਾਪੀ ਅਤੇ ਮੋਬਾਈਲ ਉੱਤੇ ਆਏ ਓ.ਟੀ.ਪੀ ਸਾਂਝਾ ਨਾ ਕਰਨ। ਉਹਨਾਂ ਨੇ ਬੱਚਿਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਮੋਬਾਇਲ ਉੱਤੇ ਗੇਮ ਖੇਡਣ ਦੀ ਬਜਾਏ ਖੇਡ ਦੇ ਮੈਦਾਨ ਵਿੱਚ ਜਾ ਕੇ ਖੇਡਣ ਜਿਸ ਦੇ ਨਾਲ ਉਹਨਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋਵੇਗਾ। ਉਹਨਾਂ ਨੇ ਦੱਸਿਆ ਕਿ ਸਾਹਿਬਰ ਕਰਾਈਮ ਦਾ ਸ਼ਿਕਾਰ ਹੋਣ ਵਾਲੇ ਲੋਕ ਜਿਲੇ ਪੱਧਰ ਦੇ ਉੱਪਰ ਬਣੇ ਹੋਏ ਸਾਈਬਰ ਪੁਲਿਸ ਸਟੇਸ਼ਨ ਜਾਂ ਪੁਲਿਸ ਸਟੇਸ਼ਨ ਤੇ ਜਾ ਕੇ ਆਪਣੀ ਲਿਖਤੀ ਰਿਪੋਰਟ ਦੇ ਸਕਦੇ ਹਨ ਇਸ ਤੋਂ ਇਲਾਵਾ ਇੱਕ ਟੋਲ ਫਰੀ ਨੰਬਰ ਇਸ ਤੋਂ ਇਲਾਵਾ 1930 ਟੋਲ ਫਰੀ ਨੰਬਰ ਉੱਤੇ ਵੀ ਆਪਣੀ ਕੰਪਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ।